# ਉਹਨਾਂ ਲਈ ਸਰਕਾਰੀ ਸਬਸਿਡੀਆਂ ਜਿਨ੍ਹਾਂ ਨੂੰ ਕੋਈ ਗੰਭੀਰ ਵਿਕਲਾਂਗਤਾ ਹੈ

ਗੰਭੀਰ ਅਤੇ ਚਿਰਕਾਲੀਨ ਸੱਟ ਦਾ ਤਜਰਬਾ ਜ਼ਖਮੀ ਕਾਮੇ ਦੀ ਜ਼ਿੰਦਗੀ ਦੇ ਕਈ ਪੱਖਾਂ ਲਈ ਦੁਖ-ਤਕਲੀਫ ਦਾ ਕਾਰਨ ਬਣ ਸਕਦਾ ਹੈ। ਇਸ ਵਿੱਚ ਸਿਹਤ, ਪਰਿਵਾਰਕ ਅਤੇ ਵਿੱਤੀ ਤਬਦੀਲੀਆਂ ਸ਼ਾਮਲ ਹਨ।

ਇਸ ਤੱਥ ਸ਼ੀਟ ਦਾ ਉਦੇਸ਼ ਸਰਕਾਰੀ ਪ੍ਰੋਗਰਾਮਾਂ ਦੇ ਨਤੀਜੇ ਵੱਜੋਂ ਮਿਲਣ ਵਾਲੇ ਕੁਝ ਬੈਨਿਫਿਟਾਂ ਅਤੇ ਅਧਿਕਾਰਾਂ ਬਾਰੇ ਤੁਹਾਨੂੰ ਸਿੱਖਿਅਤ ਅਤੇ ਸੂਚਿਤ ਕਰਨਾ ਹੈ ਜਿਸਦੇ ਲਈ ਤੁਸੀਂ (ਜਾਂ ਤੁਹਾਡਾ ਪਰਿਵਾਰ) ਯੋਗ ਹੋ ਸਕਦੇ ਹੋ। ਇਹ ਪ੍ਰੋਗਰਾਮ ਵਿਕਲਾਂਗਤਾ ਵਾਲੇ ਗੰਭੀਰ ਰੂਪ ਵਿੱਚ ਜ਼ਖਮੀ ਵਿਅਕਤੀ ਦੇ ਨਾਲ-ਨਾਲ ਉਹਨਾਂ ਦੇ ਪਰਿਵਾਰ ਦੀ ਮਦਦ ਲਈ ਬਣਾਏ ਗਏ ਸਨ।

**ਕਿਰਪਾ ਕਰਕੇ ਨੋਟ ਕਰੋ:** ਇਹ ਤੱਥ ਸ਼ੀਟ ਮੁੱਖ ਰੂਪ ਵਿੱਚ ਇਹਨਾਂ ਪ੍ਰੋਗਰਾਮਾਂ ਨਾਲ ਜਾਣ-ਪਛਾਣ ਕਰਵਾਉਣ ਲਈ ਹੈ। WCB ਤੁਹਾਨੂੰ ਤੁਹਾਡੇ ਖਾਸ ਹਾਲਾਤ ਦੇ ਸਬੰਧ ਵਿੱਚ ਉਹਨਾਂ ਨਾਲ ਸਿੱਧਾ ਸੰਪਰਕ ਕਰਨ ਲਈ ਉਤਸ਼ਾਹਿਤ ਕਰਦਾ ਹੈ। ਸੰਪਰਕ ਜਾਣਕਾਰੀ ਇਸ ਸਮੁੱਚੇ ਦਸਤਾਵੇਜ਼ ਦੌਰਾਨ ਨੋਟ ਕੀਤੀ ਗਈ ਹੈ।

ਜਿਹੜੇ ਬੈਨਿਫਿਟਾਂ ਅਤੇ ਅਧਿਕਾਰਾਂ ਦਾ ਹਵਾਲਾ ਦਿੱਤਾ ਜਾਵੇਗਾ ਉਹਨਾਂ ਵਿੱਚ ਸ਼ਾਮਲ ਹਨ:

- ਡਿਸਏਬਿਲਿਟੀ ਟੈਕਸ ਕ੍ਰੈਡਿਟ
- ਰਜਿਸਟਰਡ ਡਿਸਏਬਿਲਿਟੀ ਸੇਵਿੰਗਜ਼ ਪਲਾਨ (RDSP), ਜਿਸ ਵਿੱਚ ਗ੍ਰਾਂਟਾਂ ਅਤੇ ਬੌਂਡ ਸ਼ਾਮਲ ਹਨ।

## ਡਿਸਏਬਿਲਿਟੀ ਟੈਕਸ ਕ੍ਰੈਡਿਟ

ਜੇ ਤੁਸੀਂ ਯੋਗਤਾ ਮਾਪਦੰਡ ਪੂਰਾ ਕਰਦੇ ਹੋ, ਤਾਂ ਤੁਸੀਂ ਜਾਂ ਤੁਹਾਡੇ ਪਤੀ/ਪਤਨੀ (ਤੁਹਾਡੀ ਤਰਫੋਂ) ਹਰ ਸਾਲ ਆਪਣੇ ਟੈਕਸ ਫਾਇਲ ਕਰਨ ਸਮੇਂ ਰੈਵਨਿਊ ਕੈਨੇਡਾ ਜ਼ਰੀਏ ਇਸ ਬੈਨਿਫਿਟ ਲਈ ਦਾਅਵਾ ਕਰ ਸਕਦੇ ਹੋ। ਤੁਹਾਡੀ ਸੱਟ

ਕਾਰਨ "ਗੰਭੀਰ ਅਤੇ ਚਿਰਕਾਲੀਨ'' ਵਿਗਾੜ ਹੋਏ ਹੋਣਗੇ। ਵਿਗਾੜ ਸਰੀਰਕ, ਦ੍ਰਿਸ਼ਟੀਗਤ ਜਾਂ ਮਾਨਸਿਕ ਸਿਹਤ ਮੁੱਦਿਆਂ ਸਬੰਧਤ ਹੋ ਸਕਦਾ ਹੈ। "ਚਿਰਕਾਲੀਨ'' ਵਿਗਾੜ ਦਾ ਅਰਥ ਹੈ ਕਿ ਵਿਗਾੜ ਘੱਟੋ-ਘੱਟ 12 ਮਹੀਨਿਆਂ ਦੀ ਨਿਰੰਤਰ ਮਿਆਦ ਤਕ ਹੋਇਆ ਹੈ।

ਵਿਗਾੜ ਨੇ ਰੋਜ਼ਾਨਾ ਜੀਵਨ ਦੀਆਂ ਮੁਢਲੀਆਂ ਗਤੀਵਿਧੀਆਂ ਕਰਨ ਵਿੱਚ ਤੁਹਾਨੂੰ ਸਪੱਸ਼ਟ ਤੌਰ ਤੇ ਸੀਮਤ ਵੀ ਕੀਤਾ ਹੋਇਆ ਹੈ। ਮਿਸਾਲ ਲਈ, ਤੁਹਾਨੂੰ ਉਸ ਸੂਰਤ ਵਿੱਚ ਸਪੱਸ਼ਟ ਤੌਰ ਤੇ ਸੀਮਤ ਸਮਝਿਆ ਜਾ ਸਕਦਾ ਹੈ ਜੇ ਤੁਹਾਡੀ ਆਪਣੇ ਆਪ ਨੂੰ ਤਿਆਰ ਕਰਨ ਜਾਂ ਭੋਜਨ ਕਰਨ ਜਾਂ ਰੋਜ਼ਾਨਾ ਜ਼ਿੰਦਗੀ ਲਈ ਜ਼ਰੂਰੀ ਮਾਨਸਿਕ ਕਾਰਜਾਂ ਨੂੰ ਕਰਨ ਦੀ ਸਮਰੱਥ ਨਹੀਂ ਰਹਿੰਦੀ।

ਅਰਜ਼ੀ ਦੀ ਪ੍ਰਕਿਰਿਆ ਵਿੱਚ ਤੁਸੀਂ ਅਤੇ ਤੁਹਾਡਾ ਡਾਕਟਰ (ਜਾਂ ਕੋਈ ਹੋਰ ਢੁਕਵਾਂ ਮੈਡੀਕਲ ਪ੍ਰੈਕਟੀਸ਼ਨਰ , ਜਿਵੇਂ ਕਿ ਮਨੋ-ਵਿਗਿਆਨੀ ਜਾਂ ਆਪਟੋਮੈਟਰਿਸਟ), ਦੋਵੇਂ ਸ਼ਾਮਲ ਹੁੰਦੇ ਹੋ। ਅਰਜ਼ੀ ਦੀ ਸ਼ੁਰੂਆਤ ਕਰਨ ਲਈ, ਤੁਹਾਨੂੰ ਪਹਿਲਾਂ ਰੈਵਨਿਊ ਕੈਨੇਡਾ ਫਾਰਮ T2201 ਤੇ ਲਾਗੂ ਹੋਣ ਵਾਲੇ ਭਾਗ ਨੂੰ ਭਰਨ ਦੀ ਲੋੜ ਹੋਵੇਗੀ। ਤੁਹਾਡੇ ਚੁਣੇ ਹੋਏ ਡਾਕਟਰ/ਮੈਡੀਕਲ ਪ੍ਰੈਕਟੀਸ਼ਨਰ ਨੂੰ ਫੇਰ ਫਾਰਮ ਦੇ ਉਸ ਹਿੱਸੇ ਨੂੰ ਭਰਨ ਦੀ ਲੋੜ ਹੋਵੇਗੀ ਜੋ ਉਹਨਾਂ ਤੇ ਲਾਗੂ ਹੁੰਦਾ ਹੈ।

ਇਹਨਾਂ ਫਾਰਮਾਂ ਤਕ ਰੈਵਨਿਊ ਕੈਨੇਡਾ ਤੋਂ ਜਾਂ ਫੇਰ ਉਹਨਾਂ ਦੀ ਵੈਬਸਾਈਟ www.cra-arc.gc.ca ਤੇ ਪਹੁੰਚਿਆ ਜਾ ਸਕਦਾ ਹੈ। ਇਸ ਤਕ ਪਹੁੰਚਣ ਲਈ, ਵੈਬਸਾਈਟ ਦੇ ਸਭ ਤੋਂ ਉਪਰ ਭਾਲ ਵਾਲੇ ਖ਼ਾਨੇ ਵਿੱਚ ਬਸ T2201 ਦਰਜ਼ ਕਰੋ ਅਤੇ ਇਹ ਜ਼ਰੂਰੀ ਦਸਤਾਵੇਜ਼ਾਂ ਨੂੰ ਦਿਖਾਏਗਾ। ਉਹਨਾਂ ਨੂੰ 1-800-959-8281, TTY 1-800-665-0354 ਤੇ ਕਾਲ ਕਰਕੇ ਵੀ ਹਾਸਲ ਕੀਤਾ ਜਾ ਸਕਦਾ ਹੈ।

ਡਿਸਏਬਿਲਿਟੀ ਟੈਕਸ ਕ੍ਰੈਡਿਟ ਲਈ ਪਿਛਲੇ 10 ਸਾਲਾਂ ਤਕ ਦੇ ਸਮੇਂ ਲਈ ਉਦੋਂ ਤਕ ਦਾਅਵਾ ਕੀਤਾ ਜਾ ਸਕਦਾ ਹੈ ਜਦੋਂ ਤਕ ਇਸ ਗੱਲ ਦਾ ਸਮਰਥਨ ਕਰਨ ਲਈ ਡਾਕਟਰੀ ਸਬੂਤ ਹੈ ਕਿ ਤੁਹਾਨੂੰ ਇਹਨਾਂ ਸਾਲਾਂ ਦੌਰਾਨ "ਗੰਭੀਰ ਅਤੇ ਚਿਰਕਾਲੀਨ'' ਵਿਗਾੜ ਹੋਇਆ ਸੀ ਅਤੇ ਤੁਸੀਂ "ਸਪੱਸ਼ਟ ਤੌਰ ਤੇ ਸੀਮਤ ਹੋਣ'' ਦੇ ਮਾਪਦੰਡ ਨੂੰ ਪੂਰਾ ਕਰਦੇ ਹੋ। ਫੈਡਰਲ (ਸੰਘੀ) ਅਤੇ ਨਾਲ ਹੀ ਸੂਬੇ, ਦੋਵਾਂ, ਦੇ ਡਿਸਏਬਿਲਿਟੀ ਟੈਕਸ ਕ੍ਰੈਡਿਟ ਹਨ। 2016 ਲਈ ਫੈਡਰਲ ਰਾਸ਼ੀ ਲਗਭਗ $8,001 ਸੀ। ਸੂਬਾਈ ਰਾਸ਼ੀ ਲਗਭਗ $6,180 ਸੀ। ਇਹ ਰਕਮਾਂ ਇੱਕ ਸਾਲ ਤੋਂ ਦੂਜੇ ਸਾਲ ਵੱਖ-ਵੱਖ ਹੋ ਸਕਦੀਆਂ ਹਨ।

ਜੇ ਤੁਸੀਂ ਡਿਸਏਬਿਲਿਟੀ ਟੈਕਸ ਕ੍ਰੈਡਿਟ ਲਈ ਯੋਗਤਾ ਪੂਰੀ ਕਰਦੇ ਹੋ ਤਾਂ ਤੁਹਾਡੇ WCB ਦੇ ਤਨਖਾਹ ਦੇ ਨੁਕਸਾਨ ਸਬੰਧੀ ਬੈਨਿਫਿਟ ਤੇ ਕੋਈ ਅਸਰ ਨਹੀਂ ਪੈਂਦਾ ਹੈ।

ਇਹ ਮਹੱਤਵਪੂਰਨ ਹੁੰਦਾ ਹੈ ਕਿ ਤੁਹਾਡਾ ਡਾਕਟਰ ਜਾਂ ਮੈਡੀਕਲ ਪ੍ਰੈਕਟੀਸ਼ਨਰ ਆਪਣੀ ਪ੍ਰਸ਼ਨਾਵਲੀ ਨੂੰ ਸਹੀ ਤਰੀਕੇ ਨਾਲ ਭਰਨ। ਅਧੂਰੀ ਜਾਂ ਗਲਤ ਜਾਣਕਾਰੀ ਕਰਕੇ ਦਰਖਾਸਤਾਂ ਰੱਦ ਕੀਤੀਆਂ ਜਾ ਸਕਦੀਆਂ ਹਨ। ਰੈਵਨਿਊ ਕੈਨੇਡਾ ਅਜਿਹੀ ਕਿਸੇ ਫੀਸ ਦਾ ਭੁਗਤਾਨ ਨਹੀਂ ਕਰੇਗਾ ਜੋ ਪ੍ਰੈਕਟੀਸ਼ਨਰ ਫਾਰਮ ਭਰਨ ਲਈ ਵਸੂਲ ਸਕਦਾ ਹੈ। ਤੁਹਾਨੂੰ ਇਸ ਲਾਗਤ ਦਾ ਭੁਗਤਾਨ ਕਰਨਾ ਪਵੇਗਾ। ਤੁਸੀਂ ਆਪਣੀ ਇਨਕਮ ਟੈਕਸ ਰਿਟਰਨ ਤੇ ਇਸ ਸਬੰਧੀ ਕਿਸੇ ਵੀ ਖਰਚ ਲਈ ਦਾਅਵਾ ਵੀ ਕਰ ਸਕਦੇ ਹੋ।

WCB ਦੇ ਕਮਿਉਨਿਟੀ ਫਾਇਨੈਂਸ਼ੀਅਲ ਕਾਊਂਸਲਿੰਗ ਸਰਵਿਸਿਜ਼ (CFCS) ਨਾਲ ਕੰਮਕਾਜੀ ਸਬੰਧ ਹਨ। ਉਹਨਾਂ ਨਾਲ (204) 989-1900 ਜਾਂ ਟੋਲ ਫ੍ਰੀ 1-888-573-2383 ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹ ਤੁਹਾਡੇ ਤੋਂ ਖਰਚ ਲਏ ਬਿਨਾਂ ਅਰਜ਼ੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਜਦੋਂ ਤੁਸੀਂ ਕਾਲ ਕਰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਪਛਾਣ WCB ਗਾਹਕ ਵੱਜੋਂ ਕਰੋ। ਆਮ ਹਾਲਾਤ ਵਿੱਚ, ਉਹ ਆਮ ਤੌਰ ਤੇ ਇੱਕ ਜਾਂ ਦੋ ਹਫਤਿਆਂ ਵਿੱਚ ਤੁਹਾਨੂੰ ਮਿਲ ਜਾਣੇ ਚਾਹੀਦੇ ਹਨ। ਉਹ ਤੁਹਾਡੇ ਮੁਕੰਮਲ ਵਿੱਤੀ ਹਾਲਾਤ ਦੀ ਸਮੀਖਿਆ ਵੀ ਕਰ ਸਕਦੇ ਹਨ ਅਤੇ ਕ੍ਰੈਡਿਟਰਾਂ (ਉਧਾਰ ਦੇਣ ਵਾਲਿਆਂ) ਅਤੇ ਪੈਸੇ ਦੀ ਸੰਭਾਲ ਸਬੰਧੀ ਸੁਝਾਅ ਜਾਂ ਸੇਧ ਵੀ ਪੇਸ਼ ਕਰ ਸਕਦੇ ਹਨ।

**ਰਜਿਸਟਰਡ ਡਿਸਏਬਿਲਿਟੀ ਸੇਵਿੰਗਜ਼ ਪਲਾਨ (RDSP)**

**ਜੇ ਤੁਸੀਂ ਡਿਸਏਬਿਲਿਟੀ ਟੈਕਸ ਕ੍ਰੈਡਿਟ ਲਈ ਯੋਗਤਾ ਪੂਰੀ ਕਰਦੇ ਹੋ**, ਤਾਂ ਤੁਸੀਂ RDSP ਵਿੱਚ ਯੋਗਦਾਨ ਪਾਉਣ ਲਈ ਵੀ ਯੋਗਤਾ ਪੂਰੀ ਕਰ ਸਕਦੇ ਹੋ। ਤੁਹਾਨੂੰ ਯੋਗਤਾ ਪੂਰੀ ਕਰਨ ਲਈ ਕੈਨੇਡੀਅਨ ਨਾਗਰਿਕ ਜਾਂ ਵਸਨੀਕ ਹੋਣ ਦੀ ਲੋੜ ਹੁੰਦੀ ਹੈ। ਤੁਹਾਡੇ ਕੋਲ ਪ੍ਰਮਾਣਕ ਸੋਸ਼ਲ ਇਨਸ਼ੋਰੈਂਸ ਨੰਬਰ, ਇੱਕ ਐਕਟਿਵ ਬੈਂਕ ਖਾਤਾ ਹੋਣਾ ਚਾਹੀਦਾ ਹੈ, ਪਿਛਲੇ ਦੋ ਸਾਲਾਂ ਤੋਂ ਇਨਕਮ ਟੈਕਸ ਫਾਈਲ ਕੀਤੇ ਹੋਣੇ ਚਾਹੀਦੇ ਹਨ ਅਤੇ ਉਮਰ 60 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ।

RDSP ਦਾ ਸੰਚਾਲਨ ਤੁਹਾਡੇ ਬੈਂਕ ਰਾਹੀਂ ਰੈਵਨਿਊ ਕੈਨੇਡਾ ਨਾਲ ਕੀਤਾ ਜਾਂਦਾ ਹੈ। ਰੈਵਨਿਊ ਕੈਨੇਡਾ ਨਾਲ 1-800-959-8281 ਜਾਂ TTY 1-800-665-0354 ਤੇ ਸੰਪਰਕ ਕੀਤਾ ਜਾ ਸਕਦਾ ਹੈ। ਭਾਗ ਲੈਣ ਵਾਲੇ ਬੈਂਕਾਂ, ਕ੍ਰੈਡਿਟ ਯੂਨੀਅਨਾਂ ਜਾਂ ਹੋਰ ਵਿੱਤੀ ਸੰਗਠਨਾਂ ਦੀ ਸੂਚੀ ਲਈ, www.disabilitysavings.gc.caਤੇ ਜਾਓ।

ਇੱਕ ਵਾਰੀ RDSP ਲਈ ਰਜਿਸਟਰਡ ਹੋਣ ਤੇ, **ਕੈਨੇਡਾ ਡਿਸਏਬਿਲਿਟੀ ਸੇਵਿੰਗਜ਼ ਗ੍ਰਾਂਟ** (CDSG) ਅਤੇ **ਕੈਨੇਡਾ ਡਿਸਏਬਿਲਿਟੀ ਸੇਵਿੰਗਜ਼ ਬੌਂਡ** (CDSB) ਦੇ ਰੂਪ ਵਿੱਚ ਹੋਰ ਸਰਕਾਰੀ ਸਬਸਿਡੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਸੰਚਾਲਨ ਮਿਨਿਸਟਰੀ ਆਫ ਇੰਪਲੋਇਮੈਂਟ ਐਂਡ ਸੋਸ਼ਲ ਡੈਵਲਪਮੈਂਟ (ESDC) ਦੇ ਮਾਧਿਅਮ ਨਾਲ ਕੀਤਾ ਜਾਂਦਾ ਹੈ। ESDC ਨਾਲ 1-800-622-6232 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕਿਰਪਾ ਕਰਕੇ ਇਹ ਵੀ ਧਿਆਨ ਦਿਓ ਕਿ ਜੇ ਤੁਸੀਂ ਯੋਗਤਾ ਪੂਰੀ ਕਰਦੇ ਹੋ, ਤਾਂ ਇਹਨਾਂ ਪੈਸਿਆਂ ਦੀ ਪ੍ਰਾਪਤੀ ਤੁਹਾਡੇ WCB ਦੇ ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੇ ਤੇ ਅਸਰ ਨਹੀਂ ਪਾਉਂਦੀ।

ਇਹਨਾਂ ਸਬਸਿਡੀਆਂ ਲਈ ਤੁਹਾਡੀ ਯੋਗਤਾ ਸਮੁੱਚੀ ਪਰਿਵਾਰਕ ਆਮਦਨ ਰਾਹੀਂ ਪ੍ਰਭਾਵਿਤ ਹੁੰਦੀ ਹੈ। ਮਿਸਾਲ ਲਈ, **CDSG** ਦੇ ਸਬੰਧ ਵਿੱਚ, ਜੇ ਸਾਲ 2016 ਵਿੱਚ ਤੁਹਾਡੀ ਕੁਲ ਪਰਿਵਾਰਕ ਆਮਦਨ $90,563 ਤੋਂ ਘੱਟ ਹੈ (ਇਹ ਸੀਮਾ ਸਾਲਾਨਾ ਐਡਜਸਟਮੈਂਟਾਂ ਦੇ ਅਧੀਨ ਹੈ), ਤਾਂ ਕੈਨੇਡਾ ਦੀ ਸਰਕਾਰ ਤੁਹਾਡੇ ਫੰਡ ਲਈ ਨਿੱਜੀ ਤੌਰ ਤੇ ਯੋਗਦਾਨ ਪਾਏ ਪਹਿਲੇ $500 ਦੇ ਹਰੇਕ $1 ਲਈ $3 ਦਾ ਯੋਗਦਾਨ ਪਾਏਗੀ। ਸਰਕਾਰ ਨਿੱਜੀ ਤੌਰ ਤੇ ਯੋਗਦਾਨ ਪਾਏ ਅਗਲੇ $1000 ਦੇ ਹਰੇਕ $1 ਲਈ $2 ਦਾ ਯੋਗਦਾਨ ਪਾਏਗੀ।

ਇਸ ਤਰ੍ਹਾਂ, ਜੇ ਕੋਈ ਵਿਅਕਤੀ ਜਾਂ ਪਰਿਵਾਰ ਇਸ ਫੰਡ ਲਈ ਸਾਲ ਵਿੱਚ $1500 ਦਾ ਯੋਗਦਾਨ ਪਾਉਂਦੇ ਹਨ, ਤਾਂ ਸਰਕਾਰ ਕੁਲ $5000 ਲਈ $3500 ਦਾ ਯੋਗਦਾਨ ਪਾਏਗੀ।

ਵੱਧ ਤੋਂ ਵੱਧ ਸਾਲਾਨਾ ਸਰਕਾਰੀ ਯੋਗਦਾਨ $3500 ਹਨ। ਜੀਵਨ ਭਰ ਲਈ ਵੱਧ ਤੋਂ ਵੱਧ ਸਰਕਾਰੀ ਯੋਗਦਾਨ $70,000 ਹੈ।

ਜਦੋਂ ਤਕ ਪੈਸੇ ਨੂੰ RDSP ਵਿੱਚੋਂ ਕਢਵਾਇਆ ਨਹੀਂ ਜਾਂਦਾ, ਕਮਾਈਆਂ ਵਿੱਚ ਟੈਕਸ-ਮੁਕਤ ਵਾਧਾ ਹੁੰਦਾ ਹੈ।

ਕਿਰਪਾ ਕਰਕੇ ਧਿਆਨ ਦਿਓ ਕਿ ਸਰਕਾਰੀ ਯੋਗਦਾਨ ਉਸ ਸਾਲ ਦੀ 31 ਦਸੰਬਰ ਤਕ ਕੀਤੇ ਜਾਣਗੇ ਜਦੋਂ ਲਾਭਪਾਤਰੀ 49 ਸਾਲ ਦਾ ਹੋ ਜਾਂਦਾ ਹੈ। 49 ਸਾਲ ਦੇ ਹੋਣ ਤੋਂ ਬਾਅਦ ਵੀ ਤੁਸੀਂ RDSP ਵਿੱਚ ਪੈਸੇ ਪਾ ਸਕਦੇ ਹੋ, ਪਰ ਤੁਸੀਂ ਜੋ ਜਮਾਂ ਕਰਵਾਉਂਦੇ ਹੋ ਸਰਕਾਰ ਉਸਦੇ ਕਿਸੇ ਪ੍ਰਤਿਸ਼ਤ ਯੋਗਦਾਨ ਨਹੀਂ ਪਾਏਗੀ।

ਇਹ ਧਿਆਨ ਦੇਣਾ ਵੀ ਮਹੱਤਵਪੂਰਨ ਹੈ ਕਿ ਲਾਭਪਾਤਰੀ ਹੀ ਇੱਕਮਾਤਰ ਵਿਅਕਤੀ ਨਹੀਂ ਹੈ ਜੋ ਆਪਣੇ ਫੰਡ ਵਿੱਚ ਪੈਸੇ ਪਾ ਸਕਦਾ ਹੈ। ਮਿਸਾਲ ਲਈ, RDSPs ਨੂੰ ਮਾਪਿਆਂ ਦੁਆਰਾ ਆਪਣੇ ਬੱਚਿਆਂ ਲਈ ਸੈਟ ਕੀਤਾ ਜਾ ਸਕਦਾ ਹੈ (ਜਦੋਂ ਤਕ ਬੱਚੇ ਯੋਗਤਾ ਮਾਪਦੰਡ ਪੂਰੇ ਕਰਦੇ ਹਨ)। ਅਜਿਹਾ ਕਰਨ ਨਾਲ (ਮਾਪਿਆਂ ਲਈ) ਟੈਕਸ ਬੈਨਿਫਿਟ ਹੋ ਸਕਦੇ ਹਨ।

ਆਖਰੀ ਯੋਗਦਾਨ ਦੀ ਤਾਰੀਖ ਤੋਂ ਲੈ ਕੇ ਘੱਟੋ-ਘੱਟ 10 ਸਾਲਾਂ ਤਕ ਸਰਕਾਰੀ ਯੋਗਦਾਨਾਂ ਨੂੰ ਵਰਤਿਆ ਨਹੀਂ ਜਾ ਸਕਦਾ (ਇਸ ਨੂੰ "ਦਸ ਸਾਲ ਦਾ ਨਿਯਮ'' ਕਿਹਾ ਜਾਂਦਾ ਹੈ)। ਫੰਡ ਦਾ ਮਨੋਰਥ ਲੰਬੇ ਸਮੇਂ ਦੇ ਵਿੱਤੀ ਵਾਧੇ ਨੂੰ ਬਣਾਉਣਾ ਹੈ, ਇਸ ਲਈ ਜੇ ਪੈਸੇ ਨੂੰ 10 ਸਾਲ ਦੇ ਸਮੇਂ ਤੋਂ ਪਹਿਲਾਂ ਵਰਤਿਆ ਜਾਂਦਾ ਹੈ ਤਾਂ ਇਸਦੇ ਲਈ ਜੁਰਮਾਨਾ ਹੁੰਦਾ ਹੈ। ਆਮ ਜੁਰਮਾਨੇ ਵਿੱਚ ਪੈਸੇ ਕਢਵਾਉਣ ਤੋਂ ਪਹਿਲਾਂ ਵਾਲੇ ਸਾਲਾਂ ਵਿੱਚ ਸਰਕਾਰੀ ਯੋਗਦਾਨਾਂ ਵਿੱਚ ਪ੍ਰਾਪਤ ਰਾਸ਼ੀ ਦਾ ਵਾਪਸੀ ਭੁਗਤਾਨ ਕਰਨਾ ਹੁੰਦਾ ਹੈ।

ਕਿਸੇ RDSP ਤੋਂ ਬਾਹਰ ਅਦਾ ਕੀਤਾ ਪੈਸਾ ਸੰਘੀ ਬੈਨਿਫਿਟਾਂ ਲਈ ਤੁਹਾਡੀ ਯੋਗਤਾ ਤੇ ਅਸਰ ਨਹੀਂ ਪਾਵੇਗਾ ਜਿਵੇਂ ਕਿ ਕੈਨੇਡਾ ਚਾਈਲਡ ਟੈਕਸ ਬੈਨਿਫਿਟ, ਗੁਡਜ਼ ਐਂਡ ਸਰਵਿਸਿਜ਼ ਟੈਕਸ ਕ੍ਰੈਡਿਟ, ਓਲਡ ਏਜ ਸਿਕਿਉਰਿਟੀ ਜਾਂ ਇੰਪਲੋਇਮੈਂਟ ਇਨਸ਼ੋਰੈਂਸ ਬੈਨਿਫਿਟ। RDSP ਦਾ ਸੂਬਾਈ ਜਾਂ ਖੇਤਰੀ ਸਮਾਜਿਕ ਸਹਾਇਤਾ ਭੁਗਤਾਨਾਂ ਤੇ ਮਾਮੂਲੀ ਅਸਰ ਪਵੇਗਾ ਜਾਂ ਕੋਈ ਅਸਰ ਨਹੀਂ ਪਵੇਗਾ।

**ਕੈਨੇਡਾ ਡਿਸਏਬਿਲਿਟੀ ਸੇਵਿੰਗਜ਼ ਬੌਂਡ (CDSB)** ਮੁੱਖ ਤੌਰ ਤੇ ਘੱਟ ਆਮਦਨ ਵਾਲੇ ਪਰਿਵਾਰਾਂ (ਜਿਨ੍ਹਾਂ ਦੀ ਕੁਲ ਸਲਾਨਾ ਪਰਿਵਾਰ ਆਮਦਨ $0 ਅਤੇ $44,701 ਦੇ ਵਿਚਕਾਰ ਹੁੰਦੀ ਹੈ) ਲਈ ਹੈ ਅਤੇ ਇਹ ਵਿਕਲਾਂਗਤਾ ਵਾਲੇ ਵਿਅਕਤੀਆਂ ਲਈ ਉਪਲਬਧ ਹੈ।

CDSG ਤੋਂ ਉਲਟ, ਲਾਭਪਾਤਰ ਨੂੰ ਬੌਂਡ ਲਈ ਯੋਗਤਾ ਪੂਰੀ ਕਰਨ ਵਾਸਤੇ RDSP ਵਿੱਚ ਕਿਸੇ ਪੈਸੇ ਦਾ ਯੋਗਦਾਨ ਨਹੀਂ ਕਰਨਾ ਹੁੰਦਾ। ਜੇ ਤੁਸੀਂ ਇਸ ਆਮਦਨ ਪਰਖ, ਅਤੇ ਹੋਰ ਮਾਪਦੰਡ (ਜਿਵੇਂ ਕੀ ਰਿਹਾਇਸ਼) ਨੂੰ ਪੂਰਾ ਕਰਦੇ ਹੋ, ਤਾਂ ਕੈਨੇਡਾ ਦੀ ਸਰਕਾਰ ਲਾਭਪਾਤਰੀ ਲਈ ਬੌਂਡ ਵਿੱਚ ਸਲਾਨਾ $1000 ਪਾ ਸਕਦੀ ਹੈ (ਉਹਨਾਂ ਲੋਕਾਂ ਲਈ ਜੋ $26,364 ਸੀਮਾ ਦੇ ਹੇਠਾਂ ਹਨ)। ਸਰਕਾਰ ਦੁਆਰਾ ਜੀਵਨ ਭਰ ਲਈ ਵੱਧ ਤੋਂ ਵੱਧ ਯੋਗਦਾਨ $20,000 ਹੈ।

ਜੇ ਤੁਹਾਡੇ ਪਰਿਵਾਰ ਦੀ ਕੁਲ ਆਮਦਨ $26,364 ਤੋਂ ਵੱਧ ਅਤੇ $44,701 ਤੋਂ ਘੱਟ ਹੈ, ਤਾਂ ਵੀ ਤੁਸੀਂ ਵੱਧ ਤੋਂ ਵੱਧ ਸਲਾਨਾ/ਜੀਵਨ ਭਰ ਦੇ ਬੌਂਡ ਦੇ ਪ੍ਰਤਿਸ਼ਤਤਾ ਲਈ ਯੋਗਤਾ ਪੂਰੀ ਕਰ ਸਕਦੇ ਹੋ। ਤੁਸੀਂ ਆਪਣੇ ਬੈਂਕ ਨਾਲ ਇਸ ਦੀ ਸਮੀਖਿਆ ਕਰਨਾ ਚਾਹ ਸਕਦੇ ਹੋ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ, ਲਾਭਪਾਤਰੀ ਸਰਕਾਰ ਦੇ ਆਖਰੀ ਯੋਗਦਾਨ ਤੋਂ ਬਾਅਦ 10 ਸਾਲਾਂ ਤਕ (ਬਗੈਰ ਜੁਰਮਾਨੇ ਦੇ) ਪੈਸੇ ਨੂੰ ਵਰਤ ਨਹੀਂ ਸਕਦਾ। 10 ਸਾਲ ਦੇ ਮੁਕਾਮ ਤੇ, ਸਰਕਾਰ ਇਹ ਅਧਿਕਤਮ ਮੁੱਲ ਤੈਅ ਕਰੇਗੀ ਕਿ ਤੁਸੀਂ ਸਲਾਨਾ ਆਧਾਰ ਤੇ ਆਪਣੇ ਫੰਡ ਵਿੱਚੋਂ ਕਿੰਨੀ ਰਕਮ ਕਢਵਾ ਸਕਦੇ ਹੋ। ਇਸ ਦਾ ਹਿਸਾਬ ਲਗਾਉਣ ਲਈ ਉਹਨਾਂ ਕੋਲ ਫਾਰਮੂਲਾ ਹੁੰਦਾ ਹੈ ਅਤੇ ਉਹ ਸਮੁੱਚੇ ਬਕਾਇਆ ਫੰਡ ਅਤੇ ਲਾਭਪਾਤਰੀ ਦੇ ਉਮਰ ਵਰਗੇ ਬਦਲਣਹਾਰਾਂ ਤੇ ਵਿਚਾਰ ਕਰਦੇ ਹਨ।

ਹੋਰ ਵੇਰਵੇ ਲਈ, ਕਿਰਪਾ ਕਰਕੇ 1-800-622-6232 ਤੇ ਕਾਲ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।